The Bell Foundation

# ਅੰਗ੍ਰੇਜ਼ੀ ਸਿੱਖਿਆ ਪ੍ਰਣਾਲੀ : ਸੈਕੰਡਰੀ ਸਕੂਲਾਂ ਬਾਰੇ

## ਵਾਧੂ ਭਾਸ਼ਾ ਦੇ ਤੌਰ 'ਤੇ ਅੰਗਰੇਜ਼ੀ (EAL) ਦੀ ਵਰਤੋਂ ਕਰਨ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਲਈ ਮਾਰਗਦਰਸ਼ਨ




### ਇਸ ਦਿਸ਼ਾ-ਨਿਰਦੇਸ਼ ਵਿੱਚ ਕੀ ਸ਼ਾਮਲ ਹੈ?

ਇੱਥੇ ਤੁਸੀਂ ਆਪਣੇ ਬੱਚੇ ਲਈ ਸਕੂਲਲੱਭਣ ਅਤੇ ਅੰਗ੍ਰੇਜ਼ੀ ਸਿੱਖਿਆ ਪ੍ਰਣਾਲੀ ਨੂੰ ਸਮਝਣ ਵਿੱਚ ਆਪਣੀ ਸਹਾਇਤਾ ਲਈ ਵਿਹਾਰਕ ਜਾਣਕਾਰੀਲੱਭ ਸਕਦੇ ਹੋ

ਇੰਗਲੈਂਡ ਵਿੱਚ ਵੱਖ-ਵੱਖ ਕਿਸਮਾਂ ਦੇ ਸਕੂਲ ਹਨ, ਜਿਨ੍ਹਾਂ ਵਿੱਚ ਮਾਪਿਆਂ ਨੂੰ (ਅਰਥਾਤਫੀਸ-ਭੁਗਤਾਨ/ਸੁਤੰਤਰ/ਨਿੱਜੀ ਸਕੂਲਾਂ)ਲਈ ਭੁਗਤਾਨ ਨਹੀਂ ਕਰਨਾ ਪੈਂਦਾ ਹੈ।

ਇਹ ਦਿਸ਼ਾ-ਨਿਰਦੇਸ਼ ਤੁਹਾਨੂੰ ਉਨ੍ਹਾਂ ਅੰਗ੍ਰੇਜ਼ੀ ਸਕੂਲਾਂ ਬਾਰੇ ਦੱਸੇਗਾ ਜਿਨ੍ਹਾਂ ਵਿੱਚ ਤੁਹਾਨੂੰ (ਅਰਥਾਤਰਾਜ ਸਕੂਲਾਂ) ਲਈ ਭੁਗਤਾਨ ਨਹੀਂ ਕਰਨਾ ਪੈਂਦਾ ਹੈ। ਇੱਥੇ ਵੱਖ-ਵੱਖ ਕਿਸਮਾਂ ਦੇ ਰਾਜ ਸਕੂਲ ਹਨ, ਜਿਸ ਵਿੱਚ ਸ਼ਾਮਲ ਹਨ:

- ਸਥਾਨਕ ਅਧਿਕਾਰੀ (ਐੱਲਏ) ਸਕੂਲ - ਜੋ ਸਥਾਨਕ ਸਰਕਾਰ ਦੁਆਰਾ ਫੰਡ ਕੀਤੇ ਗਏ ਹਨ
- ਕੇਂਦਰੀ ਸਰਕਾਰ ਦੁਆਰਾ ਫੰਡ ਕੀਤੀਆਂ ਗਈਆਂ ਅਕਾਦਮੀਆਂ  ਅਤੇ ਮੁਫਤ ਸਕੂਲ– ਅਕਸਰਟ੍ਰਸਟ ਦਾ ਹਿੱਸਾ ਹੁੰਦੇ ਹਨ
- ਆਸਥਾ ਸਕੂਲ - ਇੱਕ ਖ਼ਾਸ ਧਰਮ ਨਾਲ ਜੁੜੇ ਹੋਏ ਹਨ

ਤੁਸੀਂ ਘਰ ਵਿੱਚ ਆਪਣੇ ਬੱਚੇ ਨੂੰ ਪੂਰੇ ਸਮੇਂ ਜਾਂ ਅੰਸ਼ਕ ਸਮੇਂ ਸਿਖਾਉਣ ਦੀ ਚੋਣ ਵੀ ਕਰ ਸਕਦੇ ਹੋ।  ਇਸਨੂੰ ਘਰੇਲੂ ਸਿੱਖਿਆ (ਜਾਂ ਚੋਣਵੀਂ ਘਰੇਲੂ ਸਿੱਖਿਆਜਾਂਘਰੇਲੂ ਸਕੂਲਿੰਗ) ਕਿਹਾ ਜਾਂਦਾ ਹੈ। ਇੱਥੇ ਹੋਰ ਲੱਭੋ: **https://www.gov.uk/home-education**




## 1. ਮੈਂ ਆਪਣੇ ਬੱਚੇ ਲਈ ਸਕੂਲ ਕਿਵੇਂ ਲੱਭ ਸਕਦਾ/ਦੀ ਹਾਂ?

ਜੇਕਰ ਤੁਹਾਡੇ ਬੱਚੇ ਦੀ ਉਮਰ 5 ਤੋਂ 16 ਸਾਲ ਦੇ ਵਿੱਚ ਹੈ, ਤਾਂ ਆਪਣੇ ਸਥਾਨਕ ਪਰਿਸ਼ਦ ਨਾਲ ਸੰਪਰਕ ਕਰੋ (ਜਿਸਨੂੰ ਸਥਾਨਕ ਅਧਿਕਾਰੀ ਜਾਂ ਐੱਲਏ ਵੀ ਕਿਹਾ ਜਾਂਦਾ ਹੈ) ) ਤਾਂ ਜੋ ਤੁਸੀਂ ਆਪਣੇ ਬੱਚੇ ਲਈ ਸਕੂਲ ਲੱਭਸਕੋ।

- ਜੇ ਤੁਹਾਡੇ ਬੱਚੇ ਦੀ ਉਮਰ 5 ਤੋਂ 16 ਸਾਲ ਹੈ ਤਾਂ ਸਥਾਨਕ ਪਰਿਸ਼ਦ ਨੂੰ ਸਥਾਨਕ ਖੇਤਰ ਵਿੱਚ ਸਕੂਲ ਜ਼ਰੂਰ ਲੱਣਾ ਚਾਹੀਦਾ ਹੈ।
- ਤੁਸੀਂ ਸਕੂਲ ਦਾਖਲਿਆਂ ਬਾਰੇ ਹੋਰ ਜਾਣਕਾਰੀ ਇੱਥੇਲੱਭ ਸਕਦੇ ਹੋ: **https://www.gov.uk/schools-admissions**

### ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਕੁਝ ਵਿਚਾਰ ਹਨ ਕਿ ਤੁਸੀਂ ਕਿਹੜਾ ਸਕੂਲ ਪਸੰਦ ਕਰਦੇ ਹੋ:

- ਸ਼ਾਮ ਦੇ ਸਮੇਂ ਸਕੂਲ ਵਿੱਚ ਜਾਓ। ਸਕੂਲ ਦੀ ਵੈੱਬਸਾਈਟ 'ਤੇ ਇਨ੍ਹਾਂ ਦਾ ਇਸ਼ਤਿਹਾਰ ਦਿੱਤਾ ਜਾਵੇਗਾ।
- ਉਨ੍ਹਾਂ ਦੀ ਹਾਲੀਆ ਨਿਰੀਖਣ ਰਿਪੋਰਟ ਪੜ੍ਹੋ: **https://reports.ofsted.gov.uk**
- ਸਕੂਲ ਦੀ ਸਮੁੱਚੀ ਕਾਰਗੁਜ਼ਾਰੀ ਦੀ ਜਾਂਚ ਕਰੋ: **https://www.compare-school-performance.service.gov.uk**
- ਦੂਜੇ ਮਾਪਿਆਂ ਨਾਲ ਇਸ ਬਾਰੇ ਗੱਲ ਕਰੋ ਕਿ ਉਹ ਸਕੂਲ ਬਾਰੇ ਕੀ ਸੋਚਦੇ ਹਨ
- ਉਨ੍ਹਾਂ ਦੀ ਸਕੂਲ ਵੈੱਬਸਾਈਟ ਦੇਖੋ
- ਪਤਾ ਲਗਾਓ ਕਿ ਕਿਹੜੇ ਸਕੂਲ ਘਰੇਲੂ ਭਾਸ਼ਾ ਦੀ ਜੀਸੀਐੱਸਈ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਨੂੰ ਦਾਖਲ ਕਰਦੇ ਹਨ (ਵਧੇਰੇ ਜਾਣਕਾਰੀ ਲਈ ਹੇਠਾਂ ਭਾਗ 5 ਦੇਖੋ)

### ਜਦੋਂ ਤੁਸੀਂ ਜਾਣ ਲੈਂਦੇ ਹੋ ਕਿ ਤੁਹਾਨੂੰ ਕਿਹੜੇ ਸਕੂਲ ਪਸੰਦ ਹਨ, ਤਾਂ ਹੇਠਾਂ ਦਿੱਤੀਆਂ ਗੱਲਾਂ ਯਾਦ ਰੱਖੋ:

- ਤੁਹਾਨੂੰ ਪਸੰਦ ਕੁਝ ਸਕੂਲਾਂ ਦਾ ਵੇਰਵਾ ਦਿੰਦੇ ਹੋਏ, ਆਨਲਾਈਨ ਐਪਲੀਕੇਸ਼ਨ ਫਾਰਮ ਭਰੋ
- ਆਪਣੀ ਸਥਾਨਕ ਪਰਿਸ਼ਦ ਦੀ ਸਕੂਲ ਦਾਖਲਾ ਟੀਮ ਤੋਂ ਮਦਦ ਮੰਗੋ ਕਿਉਂਕਿ ਸਕੂਲ ਅਰਜ਼ੀ ਪ੍ਰਕਿਰਿਆ ਗੁੰਝਲਦਾਰ ਹੋ ਸਕਦੀ ਹੈ
- ਪਰਿਸ਼ਦ ਨੂੰ ਪੁੱਛੋ ਕਿ ਕੀ ਕੋਈ ਹੋਰ ਲੋਕ, ਭਾਈਚਾਰਕ ਸਮੂਹ ਜਾਂ ਦੁਭਾਸ਼ੀਏ ਹਨ ਜੋ ਤੁਹਾਡੀ ਸਹਾਇਤਾ ਕਰ ਸਕਦੇ ਹਨ

## 2. ਮੇਰਾ ਬੱਚਾ ਸੈਕੰਡਰੀ ਸਕੂਲ ਕਿਹੜੀ ਉਮਰ ਵਿੱਚ ਸ਼ੁਰੂ ਕਰੇਗਾ?

ਇੰਗਲੈਂਡ ਵਿਚ ਬੱਚੇ ਆਪਣੇ 11ਵੇਂ ਜਨਮਦਿਨ ਤੋਂ ਤੁਰੰਤ ਬਾਅਦ ਸਤੰਬਰ ਵਿੱਚ ਸੈਕੰਡਰੀ ਸਕੂਲ ਸ਼ੁਰੂ ਕਰਦੇ ਹਨ। ਸੈਕੰਡਰੀ ਸਕੂਲ ਸੱਤਵੇਂ ਸਾਲ ਤੋਂ ਸ਼ੁਰੂ ਹੁੰਦਾ ਹੈ (1-6 ਸਾਲ ਮੁੱਢਲੇ ਸਕੂਲ ਵਿੱਚ ਹੁੰਦੇ ਹਨ) ਅਤੇ ਸਾਲ 11 ਵਿੱਚ ਖਤਮ ਹੁੰਦਾ ਹੈ।

ਵਿੱਦਿਅਕ ਸਾਲ ਹਮੇਸ਼ਾਂ ਸਤੰਬਰ ਵਿੱਚ ਸ਼ੁਰੂ ਹੁੰਦਾ ਹੈ ਅਤੇ ਆਮ ਤੌਰ 'ਤੇ ਜੁਲਾਈ ਵਿੱਚ ਖਤਮ ਹੁੰਦਾ ਹੈ। ਇਹ ਆਮ ਤੌਰ 'ਤੇ ਤਕਰੀਬਨ 13 ਹਫਤਿਆਂ ਦੀ ਤਿੰਨ ਮਿਆਦਾਂ ਵਿੱਚ ਵੰਡਿਆ ਜਾਂਦਾ ਹੈ।

ਨੌਜਵਾਨ ਜੂਨ ਦੇ ਅਖੀਰਲੇ ਸ਼ੁੱਕਰਵਾਰ ਨੂੰ ਸਕੂਲ ਛੱਡ ਸਕਦੇ ਹਨ ਜੇ ਉਹ ਅਗਸਤ ਦੇ ਅੰਤ ਤਕ 16 ਸਾਲ ਦੇ ਹੋ ਜਾਂਦੇ ਹਨ। ਹਾਲਾਂਕਿ, 16 ਤੋਂ 18 ਸਾਲ ਦੇ ਨੌਜਵਾਨ ਲਾਜ਼ਮੀ ਤੌਰ 'ਤੇ ਪੜ੍ਹਾਈ, ਸਿਖਲਾਈ ਜਾਂ ਅਧਿਐਨ ਵਿੱਚ ਹੋਣੇ ਚਾਹੀਦੇ ਹਨ।

 ਕਾਪੀਰਾਈਟ © The Bell Educational Trust Limited (The Bell Foundation ਵਜੋਂ ਕੰਮ ਕਰਦੇ ਹੋਏ) ਅਕਤੂਬਰ 2020

## 3. ਮੈਨੂੰ ਸਕੂਲ ਦੀਆਂ ਮਿਆਦਾਂ ਅਤੇ ਛੁੱਟੀਆਂ ਬਾਰੇ ਕਿਵੇਂ ਪਤਾ ਲੱਗ ਸਕਦਾ ਹੈ?

ਸਕੂਲ ਦੀ ਮਿਆਦ ਅਤੇ ਛੁੱਟੀਆਂ ਦੀਆਂ ਮਿਤੀਆਂ ਸਾਰੇ ਇੰਗਲੈਂਡ ਵਿੱਚ ਵੱਖੋ-ਵੱਖਰੀਆਂ ਹਨ।

ਹਾਲਾਂਕਿ, ਸਕੂਲ ਦੀਆਂ ਛੁੱਟੀਆਂ ਆਮ ਤੌਰ 'ਤੇ ਦਸੰਬਰ ਦੇ ਅੰਤ ਅਤੇ ਜਨਵਰੀ ਦੇ ਸ਼ੁਰੂ (ਕ੍ਰਿਸਮਿਸ ਅਤੇ ਨਵੇਂ ਸਾਲ) ਵਿੱਚ; ਮਾਰਚ / ਅਪ੍ਰੈਲ (ਜਦੋਂ ਈਸਟਰ ਆਉਂਦਾ ਹੈ ਇਸ ਤੇ ਨਿਰਭਰ ਕਰਦਾ ਹੈ) ਅਤੇ ਅਗਸਤ ਵਿੱਚ ਹੁੰਦੀਆਂ ਹਨ। ਇਸ ਤੋਂ ਇਲਾਵਾ, ਬਹੁਤੇ ਸਕੂਲਾਂ ਵਿੱਚ ਤਿੰਨ ਮਿਆਦਾਂ ਵਿੱਚੋਂ ਹਰੇਕ ਦੇ ਵਿਚਕਾਰ ਅੱਧੀ ਮਿਆਦ ਦੀ ਛੁੱਟੀ ਹੁੰਦੀ ਹੈ। ਹਰੇਕ ਸਕੂਲ ਨਿਸ਼ਾਨਬੱਧ ਛੁੱਟੀਆਂ ਨਾਲ ਆਪਣਾ ਸਕੂਲ ਕੈਲੰਡਰ ਪ੍ਰਕਾਸ਼ਿਤ ਕਰੇਗਾ।

ਬਹੁਤੇ ਸਕੂਲਾਂ ਵਿੱਚ ਹਰੇਕ ਸਾਲ 5 ਇਨਸੈੱਟ (ਇਨ ਸਰਵਿਸ ਟ੍ਰੇਨਿੰਗ) ਦਿਨ ਹੁੰਦੇ ਹਨ ਜਦੋਂ ਅਧਿਆਪਕ ਸਿਖਲਾਈ ਅਤੇ ਮੀਟਿੰਗਾਂ ਵਿੱਚ ਸ਼ਾਮਲ ਹੋਣਗੇ। ਵਿਦਿਆਰਥੀ ਇਨਸੈੱਟ (INSET) ਦੇ ਦਿਨ ਸਕੂਲ ਨਹੀਂ ਜਾਂਦੇ ਹਨ। ਸਕੂਲ ਮਾਪਿਆਂ ਨੂੰ ਇਸ ਬਾਰੇ ਸੂਚਿਤ ਕਰਨਗੇ ਕਿ ਹਰ ਸਾਲ ਇਨਸੈੱਟ ਦੇ ਦਿਨ ਕਦੋਂ ਹੁੰਦੇ ਹਨ।

ਸਕੂਲ ਨੂੰ ਸਟੀਕ ਮਿਆਦ ਅਤੇ ਛੁੱਟੀਆਂ ਦੀਆਂ ਮਿਤੀਆਂਲੱਭਣ ਜਾਂ ਵੈੱਬਸਾਈਟ ਦੇਖਣ ਲਈ ਕਹੋ:
**https://www.gov.uk/school-term-holiday-dates**

## 4. ਮੈਂ ਸਕੂਲ ਤੋਂ ਕੀ ਉਮੀਦ ਕਰ ਸਕਦਾ/ਦੀ ਹਾਂ?

ਬਹੁਤੇ ਸਕੂਲ ਆਪਣਾ ਸਕੂਲ ਪ੍ਰਾਸਪੈਕਟਸ, ਇੱਕ ਕਿਤਾਬਚਾ ਪ੍ਰਕਾਸ਼ਿਤ ਕਰਦੇ ਹਨ ਜੋ ਸਕੂਲ ਬਾਰੇ ਮਹੱਤਵਪੂਰਣ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ, ਸਕੂਲ ਦੀ ਵੈੱਬਸਾਈਟ ਵਿੱਚ ਸਕੂਲ ਬਾਰੇ ਸਭ ਤੋਂ ਤਾਜ਼ਾ ਜਾਣਕਾਰੀ ਅਤੇ ਖ਼ਬਰਾਂ ਸ਼ਾਮਲ ਕੀਤੀਆਂ ਜਾਣਗੀਆਂ। ਜੇ ਤੁਹਾਨੂੰ ਲੋੜ ਹੋਵੇ ਤਾਂ ਜਾਣਕਾਰੀ ਦਾ ਅਨੁਵਾਦ ਕਰਨ ਵਿੱਚ ਸਕੂਲ ਨੂੰ ਮਦਦ ਕਰਨ ਲਈ ਕਹੋ।

ਤੁਹਾਡੇ ਬੱਚੇ ਲਈ, ਇੱਥੇ ਹੇਠ ਲਿਖਿਆ ਸ਼ਾਮਲ ਹੋਵੇਗਾ:

- ਤਬਦੀਲੀ ਦਿਨ; 6 ਸਾਲ ਦੀ ਉਮਰ ਦੇ ਵਿਦਿਆਰਥੀਆਂ ਨੂੰ ਆਪਣੇ ਨਵੇਂ ਸੈਕੰਡਰੀ ਸਕੂਲ ਵਿੱਚ ਇੱਕ ਜਾਂ ਦੋ ਦਿਨ ਬਿਤਾਉਣ ਦਾ ਮੌਕਾ ਮਿਲੇਗਾ ਇਹ ਦੇਖਣ ਲਈ ਕਿ ਇਹ ਕਿਹੋ ਜਿਹਾ ਹੋਵੇਗਾ
- ਤੁਹਾਡੇ ਬੱਚੇ ਨੂੰ ਨਵੇਂ ਸਕੂਲ ਵਿੱਚ ਜ਼ਿੰਦਗੀ ਦੀ ਚੰਗੀ ਸ਼ੁਰੂਆਤ ਕਰਨ ਵਿੱਚ ਸਹਾਇਤਾ ਲਈ ਇੰਡਕਸ਼ਨ ਪ੍ਰੋਗਰਾਮ। ਇਸ ਵਿੱਚ ਵਿਸ਼ੇਸ਼ ਪ੍ਰਬੰਧ ਸ਼ਾਮਲ ਹੋ ਸਕਦੇ ਹਨ ਜੇ ਤੁਹਾਡਾ ਬੱਚਾ ਹਾਲ ਹੀ ਵਿੱਚ ਦੇਸ਼ ਜਾਂ ਖੇਤਰ ਵਿੱਚ ਆਇਆ ਹੈ, ਜਾਂ ਸਾਲ ਦੇ ਕਿਸੇ ਵੱਖਰੇ ਸਮੇਂ ਸਕੂਲ ਆਰੰਭ ਕਰ ਰਿਹਾ ਹੈ (ਅਰਥਾਤ ਸਤੰਬਰ ਵਿੱਚ ਨਹੀਂ)।
- ਆਮ ਤੌਰ 'ਤੇ ਇੱਕੋ ਉਮਰ ਦੇ 30 ਬੱਚਿਆਂ ਲਈ ਫਾਰਮ ਕਲਾਸ ਵਿੱਚ ਜਗ੍ਹਾ। ਹਰੇਕ ਫਾਰਮ ਦਾ ਆਮ ਤੌਰ 'ਤੇ ਆਪਣਾ ਫਾਰਮ ਅਧਿਆਪਕ ਹੁੰਦਾ ਹੈ।
- ਪਾਠਾਂ ਦੀ ਨਿਯਮਤ ਸਮਾਂ-ਸਾਰਣੀ। ਹਰੇਕ ਪਾਠ ਇੱਕ ਵਿਸ਼ਾ ਮਾਹਰ ਦੁਆਰਾ ਸਿਖਾਇਆ ਜਾਵੇਗਾ।
- ਪੂਰੇ ਪਾਠਕ੍ਰਮ ਤੱਕ ਪਹੁੰਚ ਕਰੋ - ਵਧੇਰੇ ਜਾਣਕਾਰੀ ਲਈ ਹੇਠਾਂ ਦੇਖੋ
- ਇੱਕ ਸੰਮਿਲਤ ਪਹੁੰਚ ਜਿੱਥੇ ਸਾਰੇ ਬੱਚਿਆਂ ਨਾਲ ਸਹੀ ਵਿਵਹਾਰ ਕੀਤਾ ਜਾਂਦਾ ਹੈ
- ਨਿਯਮਤ ਘਰ ਲਈ ਕੰਮ ਪਾਠਕ੍ਰਮ ਨਾਲ ਸੰਬੰਧਿਤ ਹੈ



## ਮੇਰਾ ਬੱਚਾ ਸਕੂਲ ਵਿੱਚ ਹੋਰ ਕੀ ਕਰੇਗਾ?

ਤੁਹਾਡਾ ਬੱਚਾ ਗਤੀਵਿਧੀਆਂ, ਸਕੂਲ ਯਾਤਰਾਵਾਂ ਅਤੇ ਹੋਰ ਸਮਾਗਮਾਂ ਵਿੱਚ ਹਿੱਸਾ ਲੈਣ ਦੇ ਯੋਗ ਹੋ ਜਾਵੇਗਾ। ਇਨ੍ਹਾਂ ਵਿੱਚ ਸ਼ਾਮਲ ਹੋ ਸਕਦੇ ਹਨ:



- ਸਭਾਵਾਂ ਅਤੇ ਸਮੂਹਿਕ ਪੂਜਾ ਦੇ ਮੌਕੇ। ਵਧੇਰੇ ਜਾਣਕਾਰੀ ਲਈ ਆਪਣੇ ਸਕੂਲ ਨੂੰ ਪੁੱਛੋ।
- ਵਾਧੂ ਪਾਠਕ੍ਰਮ ਦੀਆਂ ਗਤੀਵਿਧੀਆਂ ਅਤੇ ਕਲੱਬ, ਉਦਾਹਰਣ ਲਈ ਖੇਡ, ਸੰਗੀਤ ਅਤੇ ਨਾਟਕ। ਇਹ ਲਾਜ਼ਮੀ ਨਹੀਂ ਹਨ ਅਤੇ ਦੁਪਹਿਰ ਦੇ ਖਾਣੇ ਦੇ ਸਮੇਂ ਜਾਂ ਸਕੂਲ ਸਮਾਪਤੀ ਤੋਂ ਬਾਅਦ ਹੋ ਸਕਦੀਆਂ ਹਨ। ਕੁਝ ਕਲੱਬਾਂ ਲਈ ਥੋੜ੍ਹਾ ਜਿਹਾ ਖਰਚਾ ਹੋ ਸਕਦਾ ਹੈ।
- ਉਨ੍ਹਾਂ ਥਾਵਾਂ ਲਈ ਸਕੂਲੀ ਯਾਤਰਾਵਾਂ ਜੋ ਸਕੂਲ ਦੇ ਪਾਠਕ੍ਰਮ ਨਾਲ ਸੰਬੰਧਿਤ ਹੁੰਦੀਆਂ ਹਨ। ਇਨ੍ਹਾਂ ਯਾਤਰਾਵਾਂ ਲਈ ਆਮ ਤੌਰ 'ਤੇ ਭੁਗਤਾਨ ਹੁੰਦਾ ਹੈ, ਪਰ ਜਿੱਥੇ ਲੋੜ ਹੋਵੇ ਸਕੂਲ ਅਕਸਰ ਇਸ ਵਿੱਚ ਸਹਾਇਤਾ ਕਰਨ ਦੇ ਯੋਗ ਹੁੰਦੇ ਹਨ। ਸਕੂਲੀ ਯਾਤਰਾਵਾਂ ਅਧਿਆਪਕਾਂ ਦੁਆਰਾ ਧਿਆਨ ਨਾਲ ਆਯੋਜਿਤ ਕੀਤੀਆਂ ਜਾਂਦੀਆਂ ਹਨ ਤਾਂ ਜੋ ਬੱਚੇ ਹਮੇਸ਼ਾਂ ਸੁਰੱਖਿਅਤ ਰਹਿਣ। ਕੁਝ ਯਾਤਰਾਵਾਂ ਜੀਸੀਐੱਸਈ ਕੋਰਸ ਦਾ ਲਾਜ਼ਮੀ ਹਿੱਸਾ ਹੁੰਦੀਆਂ ਹਨ, ਉਦਾਹਰਨ. ਜੀਸੀਐੱਸਈ ਨਾਟਕ ਲਈ, ਵਿਦਿਆਰਥੀਆਂ ਨੂੰ ਥੀਏਟਰ ਵਿਖੇ ਇੱਕ ਨਾਟਕ ਦੇਖਣ ਦੀ ਲੋੜ ਹੁੰਦੀ ਹੈ।
- ਨਾਟਕ ਪੇਸ਼ਕਾਰੀਆਂ ਅਤੇ ਸੰਗੀਤ ਸਮਾਰੋਹਾਂ ਸਮੇਤ ਸਕੂਲ ਦੀਆਂ ਪੇਸ਼ਕਸ਼ਾਂ
- ਸਮਾਜਿਕ ਪ੍ਰੋਗਰਾਮਾਂ ਅਤੇ ਪੈਸਾ ਇਕੱਠਾ ਕਰਨ ਵਾਲੇ ਪ੍ਰੋਗਰਾਮ ਜਿਵੇਂ ਕਿ ਖੇਡ ਦੇ ਦਿਨ, ਗਰਮੀਆਂ ਅਤੇ ਕ੍ਰਿਸਮਿਸ ਦੇ ਮੇਲੇ, ਡਿਸਕੋ ਅਤੇ ਕੁਇਜ਼। ਆਪਣੇ ਸਕੂਲ ਨਾਲ ਗੱਲ ਕਰੋ ਜੇ ਤੁਸੀਂ ਆਪਣੇ ਬੱਚੇ ਦੇ ਸਕੂਲ ਵਿੱਚ ਵਧੇਰੇ ਸ਼ਾਮਲ ਹੋਣ ਵਿੱਚ ਦਿਲਚਸਪੀ ਰੱਖਦੇ ਹੋ,ਉਦਾਹਰਣ ਦੇ ਲਈ ਸਵੈਇੱਛਤ ਹੋਣਾ ਜਾਂ ਮੁੱਖ ਰਾਜਪਾਲ ਵਜੋਂ ਕੰਮ ਕਰਨਾ, ਜਿੱਥੇ ਤੁਸੀਂ ਇਹ ਸੁਨਿਸ਼ਚਿਤ ਕਰਨ ਲਈ ਅਗਵਾਈ ਟੀਮ ਦਾ ਸਮਰਥਨ ਕਰ ਸਕਦੇ ਹੋ ਕਿ ਸਕੂਲ ਜਿੰਨਾ ਹੋ ਸਕਦਾ ਹੈ ਉਨਾ ਪ੍ਰਭਾਵੀਸ਼ਾਲੀ ਹੈ।
- ਆਮ ਤੌਰ 'ਤੇ 10 ਸਾਲ ਦੀ ਉਮਰ ਵਿੱਚ ਨੌਜਵਾਨਾਂ ਲਈ ਕੰਮ ਦਾ ਤਜਰਬਾ ਕੰਮ ਵਾਲੀ ਥਾਂ 'ਤੇ ਇੱਕ ਹਫ਼ਤਾ ਬਿਤਾਉਣ ਦਾ ਮੌਕਾ ਹੁੰਦਾ ਹੈ। ਵਧੇਰੀ ਜਾਣਕਾਰੀ ਲਈ ਹੇਠਾਂ ਕਰੀਅਰ ਸੈਕਸ਼ਨ ਦੇਖੋ।



## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਸਕੂਲ ਵਿੱਚ ਕੀ ਹੋ ਰਿਹਾ ਹੈ?

ਤੁਹਾਡਾ ਸਕੂਲ ਤੁਹਾਡੇ ਨਾਲ ਬਾਕਾਇਦਾ ਸੰਚਾਰ ਕਰੇਗਾ। ਸਕੂਲ ਸੰਚਾਰ ਦੇ ਵੱਖ-ਵੱਖ ਰੂਪਾਂ ਦੀ ਵਰਤੋਂ ਕਰਨਗੇ ਜਿਸ ਵਿੱਚ ਸ਼ਾਮਲ ਹਨ:



- ਸਕੂਲ ਦੀ ਵੈੱਬਸਾਈਟ: ਸਕੂਲ ਆਪਣੀ ਵੈੱਬਸਾਈਟ 'ਤੇ ਜਾਣਕਾਰੀ ਸਾਂਝੀ ਕਰਨਗੇ। ਮਹੱਤਵਪੂਰਨ ਮਿਤੀਆਂ ਜਿਵੇਂ ਛੁੱਟੀਆਂ, ਅਧਿਆਪਕ ਸਿਖਲਾਈ (ਇਨਸੈੱਟ) ਦੇ ਦਿਨ ਅਤੇ ਮਾਪਿਆਂ ਦੀਆਂ ਮੁਲਾਕਾਤਾਂ ਬਾਰੇ ਜਾਨਣ ਲਈ ਸਕੂਲ ਦੇ ਕੈਲੰਡਰ ਦੀ ਜਾਂਚ ਕਰੋ।
- ਸੂਚਨਾਵਾਂ: ਟੈਕਸਟ ਸੁਨੇਹਾ, ਸੋਸ਼ਲ ਮੀਡੀਆ (ਉਦਾ. Twitter) ਅਤੇ ਐਪ ਜਿਵੇਂ ਕਿ ਪੇਰੈਂਟਮੇਲ ਦੀ ਵਰਤੋਂ ਸਕੂਲ ਦੇ ਖਾਣੇ ਅਤੇ ਯਾਤਰਾਵਾਂ ਲਈ ਭੁਗਤਾਨ ਕਰਨ ਲਈ ਵੀ ਕੀਤੀ ਜਾ ਸਕਦੀ ਹੈ
- ਆਨਲਾਈਨ ਪ੍ਰਣਾਲੀ (ਉਦਾ. Go4Schools): ਤੁਸੀਂ ਘਰ ਲਈ ਕੰਮ, ਮੁਲਾਂਕਣਾਂ ਅਤੇ ਗਤੀਵਿਧੀ ਬਾਰੇ ਜਾਣਕਾਰੀ ਲੱਭ ਸਕਦੇ ਹੋ
- ਈਮੇਲ ਅਤੇ ਪੱਤਰ: ਸਕੂਲ ਨੂੰ ਦੱਸੋ ਜੇ ਤੁਹਾਡੇ ਕੋਲ ਈਮੇਲਾਂ ਦੀ ਪਹੁੰਚ ਨਹੀਂ ਹੈ
- ਮਾਪਿਆਂ ਦੀਆਂ ਸ਼ਾਮਾਂ ਅਤੇ ਰਿਪੋਰਟਾਂ: ਇਹ ਤੁਹਾਨੂੰ ਤੁਹਾਡੇ ਬੱਚੇ ਦੀ ਤਰੱਕੀ ਬਾਰੇ ਹੋਰ ਜਾਣਕਾਰੀ ਦਿੰਦੀਆਂ ਹਨ
- ਮੀਟਿੰਗਾਂ ਅਤੇ ਜਾਣਕਾਰੀ ਵਾਲੀਆਂ ਸ਼ਾਮਾਂ: ਸਕੂਲ ਮਹੱਤਵਪੂਰਣ ਜਾਣਕਾਰੀ ਨੂੰ ਸਾਂਝਾ ਕਰਨ ਲਈ ਮੀਟਿੰਗਾਂ ਦੀ ਵਰਤੋਂ ਕਰਨਗੇ, ਉਦਾਹਰਣ ਲਈ ਜੀਸੀਐੱਸਈ ਵਿੱਚ ਕਿਹੜੇ ਵਿਸ਼ਿਆਂ ਦਾ ਅਧਿਐਨ ਕਰਨਾ ਹੈ, ਦੀ ਚੋਣ ਕਰਨਾ। ਇਹ ਪ੍ਰਸ਼ਨ ਪੁੱਛਣ ਦਾ ਇੱਕ ਲਾਭਦਾਇਕ ਮੌਕਾ ਹੋ ਸਕਦਾ ਹੈ।
- ਸਿੱਧਾ ਸੰਚਾਰ: ਤੁਸੀਂ ਸਕੂਲ ਨਾਲ ਫੋਨ ਜਾਂ ਈਮੇਲ ਰਾਹੀਂ ਸੰਪਰਕ ਕਰ ਸਕਦੇ ਹੋ, ਜਾਂ ਜੇ ਉਚਿਤ ਹੋਵੇ ਤਾਂ ਅਧਿਆਪਕ ਨਾਲ ਮੁਲਾਕਾਤ ਦਾ ਪ੍ਰਬੰਧ ਕਰ ਸਕਦੇ ਹੋ

 ਕਾਪੀਰਾਈਟ © The Bell Educational Trust Limited (The Bell Foundation ਵਜੋਂ ਕੰਮ ਕਰਦੇ ਹੋਏ) ਅਕਤੂਬਰ 2020

## 5. ਸਕੂਲ ਮੇਰੇ ਤੋਂ ਕੀ ਉਮੀਦ ਕਰੇਗਾ?

ਮਾ-ਪਿਓ ਹੋਣ ਦੇ ਨਾਤੇ, ਤੁਹਾਡੇ ਤੋਂ ਇਹ ਉਮੀਦ ਕੀਤੀ ਜਾਵੇਗੀ:

- ਬਿਮਾਰੀ ਦੀ ਸਥਿਤੀ, ਕਿਸੇ ਮੁਲਾਕਾਤ ਜਾਂ ਧਾਰਮਿਕ ਛੁੱਟੀ ਤੋਂ ਇਲਾਵਾ ਆਪਣੇ ਬੱਚਿਆਂ ਨੂੰ ਹਰ ਰੋਜ਼ ਅਤੇ ਸਮੇਂ 'ਤੇ ਸਕੂਲ ਭੇਜੋ। ਸਕੂਲ ਨੂੰ ਇਹ ਦੱਸਣ ਲਈ ਪਹਿਲਾਂ ਸੰਪਰਕ ਕਰੋ ਕਿ ਤੁਹਾਡਾ ਬੱਚਾ ਗੈਰ-ਹਾਜ਼ਰ ਕਿਉਂ ਹੈ ਜੇਕਰ ਤੁਸੀਂ ਕਰ ਸਕਦੇ ਹੋ।
- ਆਪਣੇ ਬੱਚਿਆਂ ਨੂੰ ਸਿਰਫ਼ ਸਕੂਲ ਦੀਆਂ ਛੁੱਟੀਆਂ 'ਤੇ ਹੀ ਛੁੱਟੀ ਕਰਾਓ। ਜੇਕਰ ਤੁਸੀਂ ਸਕੂਲ ਲੱਗਣ ਦੌਰਾਨ ਆਪਣੇ ਬੱਚੇ ਦੀ ਛੁੱਟੀ ਕਰਵਾਉਣ ਦਾ ਫੈਸਲਾ ਲੈਂਦੇ ਹੋ ਤਾਂ ਤੁਹਾਨੂੰ ਜੁਰਮਾਨਾ ਦੇਣਾ ਪੈ ਸਕਦਾ ਹੈ। ਸਕੂਲ ਨੂੰ ਹੋਰਲੱਭਣ ਜਾਂ ਇਸ ਵੈੱਬਸਾਈਟ ਨੂੰ ਦੇਖਣ ਲਈ ਕਹੋ: **https://www.gov.uk/school-attendance-absence**
- ਸਕੂਲ ਨੂੰ ਆਪਣੇ ਬੱਚੇ ਜਾਂ ਪਰਿਵਾਰ ਸੰਬੰਧੀ ਕਿਸੇ ਮਹੱਤਵਪੂਰਨ ਘਟਨਾ ਜਾਂ ਹਾਲਤਾਂ ਬਾਰੇ ਦੱਸੋ। ਜੇ ਤੁਹਾਨੂੰ ਮਦਦ ਦੀ ਲੋੜ ਹੈ ਤਾਂ ਉਹ ਤੁਹਾਡਾ ਸਮਰਥਨ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ।
- ਜਾਣਕਾਰੀ ਪ੍ਰਦਾਨ ਕਰੋ ਜਿਵੇਂ ਕਿ ਡਾਕਟਰੀ ਵੇਰਵੇ ਅਤੇ ਸੰਪਰਕ ਵੇਰਵੇ। ਜੇ ਇਸ ਜਾਣਕਾਰੀ ਵਿੱਚ ਕੋਈ ਤਬਦੀਲੀਆਂ ਹੁੰਦੀਆਂ ਹਨ ਤਾਂ ਇਸ ਬਾਰੇ ਸਕੂਲ ਨੂੰ ਜਾਣਕਾਰੀ ਦੇਣਾ ਤੁਹਾਡੇ ਲਈ ਲਾਜ਼ਮੀ ਹੈ।



- ਇਹ ਕਹਿਣ ਲਈ ਸਹਿਮਤੀ ਫਾਰਮ ਭਰੋ ਕਿ ਤੁਹਾਡੇ ਬੱਚੇ ਨੂੰ ਸਕੂਲੀ ਯਾਤਰਾਵਾਂ 'ਤੇ ਜਾਣ ਦੀ ਆਗਿਆ ਹੈ ਅਤੇ ਫੋਟੋਆਂ ਲਈਆਂ ਜਾ ਸਕਦੀਆਂ ਹਨ ਆਦਿ।
- ਸਕੂਲ ਦੀਆਂ ਨੀਤੀਆਂ ਦਾ ਸਮਰਥਨ ਕਰੋ, ਉਦਾਹਰਣ ਲਈ ਵਿਵਹਾਰ ਅਤੇ ਇੰਟਰਨੈੱਟ ਦੀ ਢੁੱਕਵੀਂ ਵਰਤੋਂ। ਤੁਸੀਂ ਸਕੂਲ ਦੀ ਵੈੱਬਸਾਈਟ 'ਤੇ ਸਕੂਲ ਦੀਆਂ ਨੀਤੀਆਂ ਬਾਰੇ ਜਾਣਕਾਰੀ ਲੱਭ ਸਕਦੇ ਹੋ। ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਇਨਾਮ ਅਤੇ ਮਨਜ਼ੂਰੀਆਂ ਬਾਰੇ ਦੱਸਿਆ ਜਾਵੇਗਾ। ਤੁਹਾਡੇ ਬੱਚੇ ਕੋਲ ਸਕੂਲੀ ਈਮੇਲ ਖਾਤਾ ਅਤੇ ਇੰਟਰਨੈੱਟ ਦੀ ਪਹੁੰਚ ਹੋਵੇਗੀ ਜਿਸਦੀ ਉਨ੍ਹਾਂ ਨੂੰ ਸੁਰੱਖਿਅਤ ਅਤੇ ਢੁੱਕਵੀਂ ਵਰਤੋਂ ਕਰਨੀ ਚਾਹੀਦੀ ਹੈ।
- ਘਰ ਲਈ ਦਿੱਤੇ ਕੰਮ ਵਿੱਚ ਆਪਣੇ ਬੱਚੇ ਦੀ ਮਦਦ ਕਰੋ। ਆਪਣੇ ਬੱਚੇ ਦੀ ਸਿਖਲਾਈ ਵਿੱਚ ਸਹਾਇਤਾ ਕਿਵੇਂ ਕਰੀਏ ਇਸ ਬਾਰੇ ਵਧੇਰੇ ਵਿਚਾਰਾਂ ਲਈ**ਇੱਥੇ**ਦੇਖੋ।

## 6. ਸਕੂਲ ਵਿੱਚ ਕੌਣ ਹੈ?

ਸਟਾਫ ਮੈਂਬਰਾਂ ਦੀਆਂ ਫੋਟੋਆਂ ਅਤੇ ਨਾਂ ਦੇਖਣ ਲਈ ਸਕੂਲ ਪ੍ਰੋਸਪੈਕਟਸ ਜਾਂ ਸਕੂਲ ਦੀ ਵੈੱਬਸਾਈਟ ਦੇਖੋ; ਕਈ ਵਾਰ ਇਹ ਸਕੂਲ ਦੇ ਪ੍ਰਵੇਸ਼ ਦੁਆਰ 'ਤੇ ਵੀ ਪ੍ਰਦਰਸ਼ਿਤ ਹੁੰਦੇ ਹਨ।

ਸਕੂਲ ਨੂੰ ਪੁੱਛੋ ਕਿ ਤੁਹਾਡੇ ਬੱਚੇ ਨਾਲ ਕਿਹੜਾ ਸਟਾਫ ਕੰਮ ਕਰੇਗਾ। ਇਨ੍ਹਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਸੀਨੀਅਰ ਆਗੂ - ਉਦਾਹਰਨ ਲਈ ਪ੍ਰਿੰਸੀਪਲ, ਉਪ ਅਤੇ ਸਹਾਇਕ ਪ੍ਰਿੰਸੀਪਲ
- ਦਫਤਰ ਦਾ ਸਟਾਫ਼–ਉਦਾਹਰਨ ਲਈ ਸਕੂਲ ਦੇ ਰਿਸੈਪਸ਼ਨਿਸਟ
- ਅਧਿਆਪਕ ਸਟਾਫ਼ - ਉਦਾਹਰਨ ਲਈ ਕਲਾਸ ਅਧਿਆਪਕ ਅਤੇ ਸਿਖਲਾਈ ਸਹਾਇਕ
- ਪੇਸਟੋਰਲ ਸਟਾਫ - ਉਦਾਹਰਨ. ਸਾਲ ਦੇ ਆਗੂ, ਫਾਰਮ ਸਿੱਖਿਅਕ, ਸਿਖਲਾਈ ਉਪਦੇਸ਼ਕ



- ਮਾਹਰ ਸਟਾਫ - ਉਦਾਹਰਨ। ਈਏਐੱਲ ਅਧਿਆਪਕ (ਇੱਕ ਅਤਿਰਿਕਤ ਭਾਸ਼ਾ ਦੇ ਤੌਰ 'ਤੇ ਅੰਗਰੇਜ਼ੀ), SENDCo (ਵਿਸ਼ੇਸ਼ ਵਿਦਿਅਕ ਲੋੜਾਂ ਅਤੇ ਅਪਾਹਜਤਾ ਕੋ-ਆਰਡੀਨੇਟਰ), ਡੈਜ਼ਿਗਨੇਟਡ ਸੇਫਗਾਰਡਿੰਗ ਲੀਡ ਟੀਚਰ (ਡੀਐੱਸਐੱਲ)

## 7. ਸਕੂਲ ਵਿੱਚ ਕੀ ਸਿਖਾਇਆ ਅਤੇ ਪਰਖਿਆ ਜਾਂਦਾ ਹੈ?

ਆਮ ਤੌਰ 'ਤੇ ਵਿਦਿਆਰਥੀ 11 ਸਾਲ ਦੀ ਉਮਰ ਵਿੱਚ ਮਈ ਅਤੇ ਜੂਨ ਵਿੱਚ ਰਾਸ਼ਟਰੀ ਪ੍ਰੀਖਿਆਵਾਂ ਦਿੰਦੇ ਹਨ। ਬਹੁਤੇ ਵਿਦਿਆਰਥੀ ਜੀਸੀਐੱਸਈ ਦੀ ਪ੍ਰੀਖਿਆ ਵਿੱਚ ਬੈਠਣਗੇ (ਸੈਕੰਡਰੀ ਸਿੱਖਿਆ ਦਾ ਜਨਰਲ ਸਰਟੀਫਿਕੇਟ)।

ਇਹਲੱਲੱਭਣ ਲਈ ਕਿਰਪਾ ਕਰਕੇ ਹੇਠਾਂ ਟੇਬਲ ਦੇਖੋ ਕਿ ਤੁਹਾਡਾ ਬੱਚਾ ਕਿਹੜੇ ਪੜਾਅ, ਪੱਧਰ ਅਤੇ ਸਾਲ ਵਿੱਚ ਹੋਵੇਗਾ ਅਤੇ ਉਸਦੇ ਕਿਹੜੇ ਮੁਲਾਂਕਣ/ਟੈਸਟ/ਪ੍ਰੀਖਿਆਵਾਂ ਹੋਣਗੀਆਂ:



| ਪੜਾਅ | ਪੱਧਰ | ਸਾਲ ਗਰੁੱਪ | ਉਮਰ ਸੀਮਾ | ਮੁਲਾਂਕਣ / ਟੈਸਟ / ਪ੍ਰੀਖਿਆਵਾਂ | ਪੜ੍ਹੇ ਗਏ ਵਿਸ਼ੇ |
|---|---|---|---|---|---|
| ਸੈਕੰਡਰੀ | ਮੁੱਖ ਪੜਾਅ 3 | ਸਾਲ 7<br>ਸਾਲ 8<br>ਸਾਲ 9 | 11-12<br>12-13<br>13-14 | ਸਾਲ 7 ਦੀ ਸ਼ੁਰੂਆਤ ਅਤੇ ਨਿਯਮਤ ਰੂਪ ਵਿੱਚ<br>KS3: ਬੋਧਵਾਦੀ ਮੁਲਾਂਕਣ ਪਰੀਖਿਆਵਾਂ (ਸੀਏਟੀ)<br>ਚਲੰਤ ਅੰਦਰੂਨੀ ਮੁਲਾਂਕਣ | ਅੰਗ੍ਰੇਜ਼ੀ, ਗਣਿਤ, ਵਿਗਿਆਨ, ਡਿਜ਼ਾਇਨ ਅਤੇ ਤਕਨਾਲੋਜੀ, ਇਤਿਹਾਸ, ਭੂਗੋਲ, ਧਾਰਮਿਕ ਅਧਿਐਨ (ਆਰਐੱਸ), ਕਲਾ, ਡਿਜ਼ਾਇਨ ਅਤੇ ਤਕਨਾਲੋਜੀ (ਡੀਟੀ), ਸੰਗੀਤ, ਨਾਟਕ, ਸਰੀਰਕ ਸਿੱਖਿਆ<br>ਗਣਨਾ, ਨਾਗਰਿਕਤਾ, ਭਾਸ਼ਾਵਾਂ |
| | ਮੁੱਖ ਪੜਾਅ 4 | ਸਾਲ 10<br>ਸਾਲ 11 | 14-15<br>15-16 | ਚਲੰਤ ਅੰਦਰੂਨੀ ਮੁਲਾਂਕਣ<br>ਸਾਲ 11 ਦੀ ਮਈ/ਜੂਨ: ਜੀਸੀਐੱਸਈ (ਜਨਰਲ ਦਾਸਰਟੀਫਿਕੇਟ ਸਕੰਡਰੀ ਸਿੱਖਿਆ) ਅਤੇ ਬਰਾਬਰ ਪ੍ਰੀਖਿਆਵਾਂ | ਮੁੱਖ ਵਿਸ਼ੇ: ਅੰਗ੍ਰੇਜ਼ੀ, ਗਣਿਤ, ਵਿਗਿਆਨ<br>ਵਿਕਲਪਿਕ ਵਿਸ਼ੇ ਵੱਖ-ਵੱਖ ਹੁੰਦੇ ਹਨ ਸਕੂਲਾਂ ਵਿਚਾਰੇ। ਉਹ ਜਿਸ ਵਿੱਚ ਭੂਗੋਲ, ਇਤਿਹਾਸ, ਆਰਐੱਸ, ਕੰਪਿਊਟਰ ਵਿਗਿਆਨ, ਪੀਈ, ਵਪਾਰਕ ਸਿੱਖਿਆ, ਬਾਲ ਦੇਖਭਾਲ, ਡੀਟੀ, ਰਚਨਾਤਮਕ ਮੀਡੀਆ। ਪੂਰੀ ਸੂਚੀ ਲਈ ਆਪਣੇ ਸਕੂਲ ਤੋਂ ਪੁੱਛੋ। |

ਇੱਥੇ ਵਧੇਰੇ ਵਿਸਤਾਰ ਨਾਲ ਜਾਣਕਾਰੀ ਪ੍ਰਾਪਤ ਕਰੋ **https://www.gov.uk/national-curriculum**

### ਕੀ ਮੇਰਾ ਬੱਚਾ ਹਰੇਕ ਵਿਸ਼ੇ ਵਿੱਚ ਪਰੀਖਿਆ ਦੇਵੇਗਾ?

ਆਮ ਤੌਰ 'ਤੇ ਬੱਚੇ ਸਾਲ 11 ਦੇ ਅੰਤ 'ਤੇ ਰਾਸ਼ਟਰੀ ਪ੍ਰੀਖਿਆਵਾਂ (ਸੀਜੀਐੱਸਈ) ਦਿੰਦੇ ਹਨ। ਉਹ ਹਰੇਕ ਵਿਸ਼ੇ ਵਿੱਚ ਪਰੀਖਿਆ ਨਹੀਂ ਦੇਣਗੇ। ਮੁੱਖ ਵਿਸ਼ੇ ਹਨ: ਅੰਗਰੇਜ਼ੀ, ਗਣਿਤ ਅਤੇ ਵਿਗਿਆਨ। ਸਾਰੇ ਵਿਦਿਆਰਥੀਆਂ ਲਈ ਇਨ੍ਹਾਂ ਵਿਸ਼ਿਆਂ ਦਾ ਅਧਿਐਨ ਕਰਨਾ ਲਾਜ਼ਮੀ ਹੈ। ਇਸ ਤੋਂ ਇਲਾਵਾ, ਵਿਦਿਆਰਥੀ ਆਮ ਤੌਰ 'ਤੇ ਅਗਲੇ ਪੰਜ ਵਿਸ਼ਿਆਂ ਵਿੱਚ ਪਰੀਖਿਆ ਦਿੰਦੇ ਹਨ।

ਮੁਖ ਪੜਾਅ 3 (ਸਾਲ 8 ਜਾਂ ਸਾਲ 9) ਦੇ ਅੰਤ 'ਤੇ ਸਕੂਲ ਤੁਹਾਡੇ ਬੱਚੇ ਦੀ ਇਹ ਚੋਣ ਕਰਨ ਵਿੱਚ ਸਹਾਇਤਾ ਕਰੇਗਾ ਕਿ ਉਨ੍ਹਾਂ ਨੇ ਆਪਣੀਅੰਤਮ ਪਰੀਖਿਆਵਾਂ ਲਈ ਕਿਹੜੇ ਵਿਸ਼ਿਆਂ ਨੂੰ ਪੜ੍ਹਨਾ ਜਾਰੀ ਰੱਖਣਾ ਹੈ। ਇਸ ਵਿੱਚ ਜੀਸੀਐੱਸਈ ਵਿਸ਼ੇ (ਉਦਾਹਰਨ ਲਈ, ਭੂਗੋਲ ਜਾਂ ਡਿਜ਼ਾਇਨ ਅਤੇ ਤਕਨਾਲੋਜੀ) ਜਾਂ ਬੀਟੀਈਸੀ (ਵਪਾਰ ਅਤੇ ਤਕਨਾਲੋਜੀ ਸਿੱਖਿਆ ਪਰਿਸ਼ਦ) ਵਿਸ਼ੇ (ਉਦਾਹਰਨ ਲਈ, ਵਪਾਰਕ ਅਧਿਐਨ ਅਤੇ ਖੇਡ) ਸ਼ਾਮਲ ਹੋ ਸਕਦੇ ਹਨ।


ਕਾਪੀਰਾਈਟ © The Bell Educational Trust Limited (The Bell Foundation ਵਜੋਂ ਕੰਮ ਕਰਦੇ ਹੋਏ) ਅਕਤੂਬਰ 2020

ਕੁਝ ਸਕੂਲ ਵਿਦਿਆਰਥੀਆਂ ਲਈ ਉਨ੍ਹਾਂ ਦੀਪਹਿਲੀ ਭਾਸ਼ਾ ਵਿੱਚ ਜੀਸੀਐੱਸਈ ਦੀ ਪਰੀਖਿਆ ਦੇਣ ਦਾ ਪ੍ਰਬੰਧ ਵੀ ਕਰਦੇ ਹਨ, ਹਾਲਾਂਕਿ ਹਰੇਕ ਭਾਸ਼ਾ ਉਪਲਬਧ ਨਹੀਂ ਹੈ। ਅਰਬੀ, ਚੀਨੀ, ਉਰਦੂ, ਗੁਜਰਾਤੀ ਅਤੇ ਇਤਾਲਵੀ ਭਾਸ਼ਾਵਾਂ ਵਿੱਚ ਜੀਸੀਐੱਸਈ ਉਪਲਬਧ ਹਨ। ਆਪਣੇ ਸਕੂਲ ਨੂੰ ਪੁੱਛੋ ਕਿ ਕੀ ਇਹ ਓਹੀ ਚੀਜ਼ ਹੈ ਜੋ ਤੁਸੀਂ ਆਪਣੇ ਬੱਚੇ ਨੂੰ ਕਰਵਾਉਣਾ ਚਾਹੁੰਦੇ ਹੋ।

ਆਪਣੇ ਬੱਚਿਆਂ ਨਾਲ ਉਨ੍ਹਾਂ ਦੀਆਂ ਰੁਚੀਆਂ ਅਤੇ ਭਵਿੱਖ ਲਈ ਉਨ੍ਹਾਂ ਦੀਆਂ ਯੋਜਨਾਵਾਂ ਬਾਰੇ ਗੱਲ ਕਰੋ। ਉਹਨਾਂ ਵਿਸ਼ਿਆਂ ਦੀ ਚੋਣ ਕਰਨਾ ਮਹੱਤਵਪੂਰਣ ਹੈ ਜਿਨ੍ਹਾਂ ਵਿੱਚ ਉਹ ਦਿਲਚਸਪੀ ਲੈਂਦੇ ਹਨ ਅਤੇ ਇਹ ਉਨ੍ਹਾਂ ਦੇ ਭਵਿੱਖ ਲਈ ਲਾਭਦਾਇਕ ਹੋਣਗੇ। ਆਪਣੇ ਬੱਚੇ ਦੇ ਵਿਕਲਪਾਂ ਬਾਰੇ ਅਤੇ ਕਿਹੜੀ ਸਹਾਇਤਾ ਉਪਲਬਧ ਹੋਵੇਗੀ ਬਾਰੇ ਆਪਣੇ ਸਕੂਲ ਨਾਲ ਗੱਲ ਕਰੋ।

## 8. ਮੇਰੇ ਬੱਚੇ ਨੂੰ ਕਿਹੜੀ ਚੀਜ਼ ਦੀ ਲੋੜ ਹੋਵੇਗੀ?



- ਪੂਰੀ ਸਕੂਲ ਵਰਦੀ: ਇੰਗਲੈਂਡ ਦੇ ਬਹੁਤੇ ਸੈਕੰਡਰੀ ਸਕੂਲ ਬੱਚਿਆਂ ਨੂੰ ਸਕੂਲ ਦੀ ਵਰਦੀ ਪਾਉਣ ਦੀ ਉਮੀਦ ਕਰਦੇ ਹਨ। ਤੁਹਾਡੇ ਬੱਚੇ ਦਾ ਸਕੂਲ ਕੀ ਪਹਿਨਣਾ ਹੈ ਬਾਰੇ ਇੱਕ ਸੂਚੀ ਪ੍ਰਦਾਨ ਕਰੇਗਾ ਅਤੇ ਤੁਹਾਨੂੰ ਦੱਸੇਗਾ ਕਿ ਤੁਸੀਂ ਇਸ ਨੂੰ ਕਿੱਥੋਂ ਖਰੀਦ ਸਕਦੇ ਹੋ। ਪੁੱਛੋ ਕਿ ਕੀ ਸਕੂਲ ਖਰਚਿਆਂ ਵਿੱਚ ਸਹਾਇਤਾ ਕਰ ਸਕਦਾ ਹੈ ਜੇ ਤੁਹਾਡੇ ਕੋਲ ਪੈਸੇ ਨਹੀਂ ਹਨ।
- ਇੱਕ ਯੋਜਨਾਕਾਰ। ਬਹੁਤੇ ਸਕੂਲ ਹਰ ਸਾਲ ਵਿਦਿਆਰਥੀਆਂ ਨੂੰ ਆਪਣੇ-ਆਪ ਨੂੰ ਵਿਵਸਥਿਤ ਕਰਨ ਵਿੱਚ ਸਹਾਇਤਾ ਲਈ ਇੱਕ ਕਿਤਾਬ ਪ੍ਰਦਾਨ ਕਰਦੇ ਹਨ।
- ਇੱਕ ਬੈਗ, ਪੈੱਨਾਂ ਸਮੇਤ ਇੱਕ ਪੈਨਸਿਲ ਬਾਕਸ।
- ਇੱਕ ਕੈਲਕੁਲੇਟਰ ਅਤੇ ਹੋਰ ਗਣਿਤ ਦੇ ਉਪਕਰਣ
- ਪੂਰੀ ਪੀਈ (ਸਰੀਰਕ ਸਿੱਖਿਆ) ਕਿੱਟ ਜਦੋਂ ਲੋੜ ਹੋਵੇ। ਸਕੂਲ ਤੁਹਾਨੂੰ ਦੱਸੇਗਾ ਕਿ ਕਿਸ ਚੀਜ਼ ਦੀ ਲੋੜ ਹੈ ਕਿਉਂਕਿ ਇਸ ਵਿੱਚ ਖੇਡਾਂ ਦੇ ਕੱਪੜੇ ਸ਼ਾਮਲ ਹੋ ਸਕਦੇ ਹਨ ਜਿਨ੍ਹਾਂ ਉੱਪਰ ਸਕੂਲ ਦਾ ਲੋਗੋ ਲੱਗਿਆ ਹੁੰਦਾ ਹੈ।
- ਦੁਪਹਿਰ ਦਾ ਖਾਣਾ ਜਾਂ ਭੋਜਨ ਖਰੀਦਣ ਲਈ ਪੈਸੇ। ਬਹੁਤ ਸਾਰੇ ਸਕੂਲਾਂ ਵਿੱਚ ਸੰਪਰਕ ਰਹਿਤ ਭੁਗਤਾਨ ਪ੍ਰਣਾਲੀ ਹੁੰਦੀ ਹੈ; ਦਫ਼ਤਰ ਦਾ ਸਟਾਫ਼ ਇਸਨੂੰ ਵਿਵਸਥਿਤ ਕਰਨ ਵਿੱਚ ਮਦਦ ਕਰਨ ਦੇ ਯੋਗ ਹੋਵੇਗਾ। ਕੁਝ ਬੱਚੇਮੁਫਤ ਸਕੂਲ ਦਾ ਖਾਣਾ (ਐੱਫਐੱਸਐੱਮ) ਵੀ ਪ੍ਰਾਪਤ ਕਰ ਸਕਦੇ ਹਨਜੇਕਰ ਪਰਿਵਾਰ ਦੀਆਰਥਿਕ ਸਥਿਤੀ ਸਹੀ ਨਹੀਂ ਹੈ; ਆਪਣੇ ਸਕੂਲ ਤੋਂ ਜਾਂ ਇਸਤੋਂ ਹੋਰ ਲੱਭੋ **https://www.gov.uk/apply-free-school-meals**



- ਜੇ ਤੁਹਾਡਾ ਬੱਚਾ ਬੱਸ, ਟਰਾਮ ਜਾਂ ਰੇਲ ਰਾਹੀਂ ਸਕੂਲ ਜਾਂਦਾ ਹੈ ਤਾਂ ਟ੍ਰੈਵਲ ਪਾਸ ਜਾਂ ਟ੍ਰੈਵਲ ਮਨੀ। ਕੁਝ ਬੱਚੇ ਜੋ ਸਕੂਲ ਤੋਂ ਦੋ ਮੀਲ ਦੀ ਦੂਰੀ 'ਤੇ ਰਹਿੰਦੇ ਹਨ ਉਹ ਮੁਫਤ ਬੱਸ ਪਾਸ ਪ੍ਰਾਪਤ ਕਰ ਸਕਦੇ ਹਨ। ਪਤਾ ਕਰੋ ਕਿ ਕੀ ਤੁਸੀਂ **https://www.gov.uk/help-home-school-transport**'ਤੇ ਜਾਕੇ ਮੁਫ਼ਤ ਬੱਸ ਪਾਸ ਲੈਣ ਦੇ ਹੱਕਦਾਰ ਹੋ। ਕੁਝ ਬੱਚੇ ਜੋ ਗਤੀਸ਼ੀਲਤਾ ਦੀ ਸਮੱਸਿਆ ਕਾਰਨ ਜਾਂ ਕਿਸੇ ਵਿਸ਼ੇਸ਼ ਵਿਦਿਅਕ ਲੋੜ ਦੇ ਕਾਰਨ ਸਕੂਲ ਨਹੀਂ ਜਾ ਸਕਦੇ, ਉਨ੍ਹਾਂ ਨੂੰ ਸਕੂਲ ਲਈ ਅਕਸਰ ਟੈਕਸੀ ਵਿੱਚ ਮੁਫਤ ਆਵਾਜਾਈ ਦਿੱਤੀ ਜਾਂਦੀ ਹੈ। ਹੋਰ ਜਾਣਕਾਰੀ ਪ੍ਰਾਪਤ ਕਰੋ **https://www.gov.uk/apply-school-transport-for-child-with-special-educational-needs-sen**
- ਆਪਣੇ ਸਕੂਲ ਨੂੰ ਉਨ੍ਹਾਂ ਦੀ ਮੋਬਾਈਲ ਫੋਨ ਨੀਤੀ ਬਾਰੇ ਪੁੱਛੋ। ਕੁਝ ਸਕੂਲ ਮੋਬਾਈਲ ਦੀ ਆਗਿਆ ਨਹੀਂ ਦਿੰਦੇ ਹਨ ਅਤੇ ਜੇਕਰ ਵਿਦਿਆਰਥੀ ਉਨ੍ਹਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹ ਮੋਬਾਇਲ ਜ਼ਬਤ ਕਰ ਸਕਦੇ ਹਨ।

## 9. ਵਿਦਿਆਰਥੀਆਂ ਲਈ ਲੋੜੀਂਦੀ ਕਿਹੜੀ ਵਾਧੂ ਸਹਾਇਤਾ ਉਪਲਬਧ ਹੈ?

- ਪੇਸਟੋਰਲ ਸਹਾਇਤਾ: ਸਾਰੇ ਸਕੂਲਾਂ ਵਿੱਚ ਲੋਕਾਂ ਦੀ ਇੱਕ ਟੀਮ ਹੁੰਦੀ ਹੈ ਜੋ ਉਨ੍ਹਾਂ ਬੱਚਿਆਂ ਦੀ ਸਹਾਇਤਾ ਕਰੇਗੀ ਜਿਨ੍ਹਾਂ ਨੂੰ ਕੋਈ ਮੁਸ਼ਕਲਾਂ ਹੁੰਦੀਆਂ ਹਨ, ਉਦਾਹਰਨ ਵਜੋਂ ਦੋਸਤੀ, ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ਜਾਂ ਚਿੰਤਤ ਮਹਿਸੂਸ ਕਰਨਾ। ਜੇ ਤੁਹਾਡੇ ਬੱਚੇ ਨੂੰ ਕੋਈ ਸਮੱਸਿਆ ਜਾਂ ਚਿੰਤਾ ਹੈ ਤਾਂ ਫਾਰਮ ਸਿੱਖਿਅਕ ਜਾਂ ਸਾਲ ਦੇ ਆਗੂ ਨੂੰ ਦੱਸੋ।
- ਸਾਰੇ ਸਕੂਲਾਂ ਵਿੱਚ ਡੈਜ਼ਿਗਨੇਟਡ ਸੇਫਗਾਰਡਿੰਗ ਲੀਡ ਹੁੰਦੀ ਹੈ ਜੋ ਤੁਹਾਡੇ ਬੱਚੇ ਦਾ ਸਮਰਥਨ ਕਰੇਗੀ ਜੇ ਸਕੂਲ ਵਿੱਚ ਜਾਂ ਸਕੂਲੋਂ ਬਾਹਰ ਉਨ੍ਹਾਂ ਦੀ ਸੁਰੱਖਿਆ ਬਾਰੇ ਕੋਈ ਗੰਭੀਰ ਚਿੰਤਾਵਾਂ ਹਨ।
- ਅੰਗ੍ਰੇਜ਼ੀ ਭਾਸ਼ਾ ਸਮਰਥਨ: ਬਹੁਤੇ ਸਕੂਲ ਅੰਗ੍ਰੇਜ਼ੀ ਭਾਸ਼ਾ ਦੇ ਵਿਕਾਸ ਨਾਲ ਸਹਾਇਤਾ ਪ੍ਰਦਾਨ ਕਰਨਗੇ ਜਿੱਥੇ ਇਸਦੀ ਲੋੜ ਹੈ। ਇਹ ਆਮ ਤੌਰ 'ਤੇ ਦੂਸਰੇ ਵਿਦਿਆਰਥੀਆਂ ਦੇ ਨਾਲ ਕਲਾਸਰੂਮ ਵਿੱਚ ਹੋਵੇਗੀ।
- ਸਿਖਲਾਈ ਸਮਰਥਨ: ਜਦੋਂ ਵੀ ਲੋੜ ਪਵੇ ਸਾਰੇ ਸਕੂਲ ਸਿਖਲਾਈ ਦੇ ਨਾਲ ਵਾਧੂ ਸਹਾਇਤਾ ਪ੍ਰਦਾਨ ਕਰਨਗੇ। ਸਕੂਲ ਨੂੰ ਦੱਸੋ ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਉਨ੍ਹਾਂ ਦੀ ਸਿਖਲਾਈ ਵਿੱਚ ਸਹਾਇਤਾ ਦੀ ਲੋੜ ਹੈ। SENDCo (ਵਿਸ਼ੇਸ਼ ਵਿਦਿਅਕ ਲੋੜਾਂ ਅਤੇ ਅਪਾਹਜਤਾ ਕੋ-ਆਰਡੀਨੇਟਰ) ਤੁਹਾਡੇ ਬੱਚੇ ਨਾਲ ਮੁਲਾਕਾਤ ਕਰੇਗਾ, ਉਨ੍ਹਾਂ ਦੀਆਂ ਲੋੜਾਂ ਦਾ ਮੁਲਾਂਕਣ ਕਰੇਗਾ ਅਤੇ ਸਭ ਤੋਂ ਵਧੀਆ ਸਹਾਇਤਾ ਪ੍ਰਦਾਨ ਕਰੇਗਾ। ਉਹ ਤੁਹਾਨੂੰ ਦੱਸਣਗੇ ਕਿ ਕੀ ਤੁਹਾਡੇ ਬੱਚੇ ਨੂੰ ਕੋਈ ਲੋੜ ਹੈ ਜਾਂ ਨਹੀਂ ਅਤੇ ਤੁਹਾਨੂੰ ਇਸ ਬਾਰੇ ਗੱਲ ਕਰਨ ਲਈ ਸਕੂਲ ਜਾਣ ਲਈ ਕਿਹਾ ਜਾ ਸਕਦਾ ਹੈ ਕਿ ਸਕੂਲ ਤੁਹਾਡੇ ਬੱਚੇ ਦੀ ਕਿਵੇਂ ਸਹਾਇਤਾ ਕਰ ਸਕਦਾ ਹੈ। ਇੱਥੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਇੱਕ ਮਦਦਗਾਰ ਮਾਰਗ-ਦਰਸ਼ਕ ਹੈ: **https://www.gov.uk/government/publications/send-guide-for-parents-and-carers**
- ਬਾਹਰੀ ਏਜੰਸੀਆਂ: ਸਕੂਲ ਹੋਰ ਪੇਸ਼ੇਵਰਾਂ ਜਿਵੇਂ ਕਿ ਡਾਕਟਰਾਂ, ਸ਼ਰਨਾਰਥੀ ਏਜੰਸੀਆਂ ਅਤੇ ਵਿਦਿਅਕ ਮਾਹਰਾਂ ਨਾਲ ਉਨ੍ਹਾਂ ਬੱਚਿਆਂ ਦੀ ਸਹਾਇਤਾ ਲਈ ਮਿਲਕੇ ਕੰਮ ਕਰਦੇ ਹਨ ਜਿਨ੍ਹਾਂ ਨੂੰ ਵਾਧੂ ਮਦਦ ਦੀ ਲੋੜ ਹੁੰਦੀ ਹੈ। ਸਕੂਲ ਤੁਹਾਨੂੰ ਤੁਹਾਡੇ ਬੱਚੇ ਨੂੰ ਲੋੜੀਂਦੀ ਕਿਸੇ ਵਾਧੂ ਸਹਾਇਤਾ ਬਾਰੇ ਦੱਸੇਗਾ।
- ਵਿਦਿਆਰਥੀ ਪ੍ਰੀਮੀਅਮ: ਸਾਰੇ ਸਕੂਲ ਆਰਥਿਕ ਤੌਰ 'ਤੇ ਪਛੜੇ ਹੋਏ ਵਿਦਿਆਰਥੀਆਂ ਦੀ ਸਹਾਇਤਾ ਲਈ ਵਾਧੂ ਫੰਡ ਪ੍ਰਾਪਤ ਕਰਦੇ ਹਨ। ਇਸ ਪੈਸੇ ਦੀ ਵਰਤੋਂ ਵਿਦਿਆਰਥੀਆਂ ਨੂੰ ਸਕੂਲ ਵਿੱਚ ਵਧੀਆ ਢੰਗ ਨਾਲ ਕੰਮ ਕਰਨ ਅਤੇ ਸਕੂਲ ਦੀ ਜ਼ਿੰਦਗੀ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋਣ ਵਿੱਚ ਸਹਾਇਤਾ ਲਈ ਕੀਤੀ ਜਾਂਦੀ ਹੈ।
- ਵਿੱਤੀ ਸਹਾਇਤਾ: ਸਕੂਲ ਕੁਝ ਖਰਚਿਆਂ ਵਿੱਚ ਸਹਾਇਤਾ ਕਰ ਸਕਦੇ ਹਨ, ਉਦਾਹਰਣ ਵਜੋਂ, ਸਕੂਲ ਦੀ ਵਰਦੀ, ਸਕੂਲ ਯਾਤਰਾਵਾਂ, ਉਪਕਰਣ ਆਦਿ। ਜੇ ਤੁਹਾਨੂੰ ਕਿਸੇ ਖਰਚਿਆਂ ਵਿੱਚ ਸਹਾਇਤਾ ਦੀ ਲੋੜ ਹੈ ਤਾਂ ਸਕੂਲ ਨੂੰ ਦੱਸੋ।
- ਕਰੀਅਰ ਦੀ ਸਲਾਹ ਅਤੇ ਅਗਲੀ ਸਿੱਖਿਆ: ਸਾਰੇ ਸਕੂਲਾਂ ਵਿੱਚ ਕਰੀਅਰ ਸਲਾਹਕਾਰ ਹੁੰਦਾ ਹੈ ਜੋ ਤੁਹਾਡੇ ਬੱਚਿਆਂ ਨੂੰ ਇਹ ਸੋਚਣ ਵਿੱਚ ਸਹਾਇਤਾ ਕਰੇਗਾ ਕਿ ਸਕੂਲ ਛੱਡਣ ਤੋਂ ਬਾਅਦ ਉਹ ਕੀ ਕਰਨਾ ਚਾਹੁੰਦੇ ਹਨ। ਉਹ ਤੁਹਾਡੇ ਬੱਚੇ ਦੀ ਹੇਠ ਲਿਖਿਆਂ ਵਿੱਚ ਮਦਦ ਕਰਨਗੇ:
  - ਜੀਸੀਐੱਸਈ ਵਿੱਚ ਪੜ੍ਹਨ ਵਾਲੇ ਵਿਸ਼ਿਆਂ ਨੂੰ ਚੁਣਨਾ। ਵਿਕਲਪ ਸਾਲ 8 ਜਾਂ 9 ਦੇ ਅੰਤ ਵਿੱਚ ਚੁਣੇ ਜਾਂਦੇ ਹਨ।
  - ਢੁੱਕਵੇਂ ਕੰਮ ਦੇ ਤਜ਼ੁਰਬੇ ਦੀ ਸਥਾਪਨਾ ਲੱਭਣਾ। ਸਾਰੇ ਸਕੂਲ ਕੰਮ ਦਾ ਤਜ਼ੁਰਬਾ ਨਹੀਂ ਦਿੰਦੇ ਹਨ। ਵਧੇਰੇ ਜਾਣਕਾਰੀ ਲਈ ਆਪਣੇ ਸਕੂਲ ਨੂੰ ਪੁੱਛੋ।
  - ਸਾਲ 11 ਤੋਂ ਬਾਅਦ ਦੇ ਕਾਲਜਾਂ ਅਤੇ ਕੋਰਸਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ। ਨੌਜਵਾਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ 18 ਸਾਲ ਦੀ ਉਮਰ ਤੱਕ ਸਿੱਖਿਆ ਜਾਂ ਸਿਖਲਾਈ ਵਿੱਚ ਰਹਿਣ। ਤੁਸੀ ਇੱਥੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ: **https://www.gov.uk/browse/education/find-course**

## 10. ਮੈਂ ਆਪਣੇ ਬੱਚੇ ਦੀ ਸਿੱਖਣ ਵਿੱਚ ਕਿਵੇਂ ਮਦਦ ਕਰ ਸਕਦਾ/ਦੀ ਹਾਂ?

ਇੱਥੇ.ਲੱਭੋ ਕਿ ਤੁਹਾਡੇ ਬੱਚੇ ਦੀ ਸਿੱਖਣ ਵਿੱਚ ਸਹਾਇਤਾ ਕਿਵੇਂ ਕੀਤੀ ਜਾਵੇ


ਕਾਪੀਰਾਈਟ © The Bell Educational Trust Limited (The Bell Foundation ਵਜੋਂ ਕੰਮ ਕਰਦੇ ਹੋਏ) ਅਕਤੂਬਰ 2020